# ਵੱਡੇ ਲੋਕ ਜੋ ਲਿਖਦੇ ਹਨ, ਉਹ ਜ਼ਰੂਰੀ ਨਹੀਂ ਸਭ ਸੱਚ ਹੋਵੇ

16.11.96

ਗੁਰਸ਼ਰਨ ਸਿੰਘ

ਸਿੱਖ ਭਾਈਚਾਰੇ ਦੀਆਂ ਕੁੱਝ ਵਿਸ਼ੇਸ਼ਤਾਵਾਂ ਹਨ, ਜੋ ਉਨ੍ਹਾਂ ਨੂੰ ਉਨ੍ਹਾਂ ਦੇ ਇਤਿਹਾਸਕ ਪਿਛੋਕੜ ਦੀ ਦੇਣ ਹਨ। ਇਨ੍ਹਾਂ ਵਿਸ਼ੇਸ਼ਤਾਵਾਂ ਵਿਚ ਸੂਰਮਗਤੀ, ਸਿਰੜ, ਸਿੱਦਕ, ਕੁਰਬਾਨੀ, ਸ਼ਹਾਦਤ ਦੀਆਂ ਰਵਾਇਤਾਂ ਹਨ। ਉਹ ਹਾਂ-ਪੱਖੀ ਹਨ, ਪਰ ਇਨ੍ਹਾਂ ਹਾਂ-ਪੱਖੀ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਇਕ ਨਾਂਹ-ਪੱਖੀ ਵਿਸ਼ੇਸ਼ਤਾ ਸਵੈ-ਆਲੋਚਨਾ ਦੀ ਘਾਟ, ਹੋਈ ਗ਼ਲਤੀ ਦਾ ਅਹਿਸਾਸ ਨਾ ਕਰਨਾ ਅਤੇ ਆਪਣੇ ਉੱਤੇ ਆਈ ਹਰ ਮੁਸੀਬਤ ਦੀ ਜ਼ਿੰਮੇਵਾਰੀ ਦੂਜਿਆਂ ਉੱਤੇ ਸੁੱਟਣਾ ਤੇ ਇਹ ਕਹਿਣਾ ਕਿ ਅਸੀਂ ਤਾਂ ਦੂਜਿਆਂ 'ਤੇ ਵਿਸ਼ਵਾਸ ਕੀਤਾ, ਪਰ ਸਾਡੇ ਨਾਲ ਵਿਸ਼ਵਾਸਘਾਤ ਹੋਇਆ।

ਅਜ਼ਾਦੀ ਤੋਂ ਬਾਅਦ 50 ਸਾਲ ਜੋ ਲੰਘੇ ਹਨ, ਉਹਦੇ ਬਾਰੇ ਸਿੱਖ ਭਾਈਚਾਰੇ ਵੱਲੋਂ ਜੋ ਵੀ ਮੁਲਾਂਕਣ ਹੁੰਦਾ ਹੈ, ਭਾਵੇਂ ਦੇਸ਼ ਦੀ ਵੰਡ ਬਾਰੇ ਹੋਵੇ, ਭਾਵੇਂ ਪੰਜਾਬੀ ਬੋਲੀ ਬਾਰੇ ਹੋਵੇ, ਭਾਵੇਂ ਪੰਜਾਬੀ ਸੂਬੇ ਬਾਰੇ ਹੋਵੇ, ਉਹਦੇ ਵਿਚ ਇਹੀ ਗੱਲ ਉੱਭਰਦੀ ਹੈ ਕਿ ਪੰਜਾਬ ਨਾਲ, ਸਿੱਖਾਂ ਨਾਲ ਜ਼ੁਲਮ ਹੋਇਆ ਹੈ ਅਤੇ ਦਿੱਲੀ ਦੀ ਬ੍ਰਾਹਮਣੀ ਸੋਚ ਵਾਲੀ ਸਰਕਾਰ ਇਹਦੀ ਜ਼ਿੰਮੇਵਾਰ ਹੈ। ਇਸ ਸੱਚਾਈ ਨੂੰ ਅੱਖੋਂ-ਪਰੋਖੇ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੀ ਵਾਗਡੋਰ ਬਹੁਤੀ ਸਿੱਖ ਮੁੱਖ ਮੰਤਰੀਆਂ ਦੇ ਹੱਥ ਹੀ ਰਹੀ ਹੈ, ਭਾਵੇਂ ਉਹ ਪ੍ਰਤਾਪ ਸਿੰਘ ਕੈਰੋਂ ਹੋਵੇ, ਗੁਰਨਾਮ ਸਿੰਘ ਹੋਵੇ, ਗਿਆਨੀ ਜ਼ੈਲ ਸਿੰਘ ਹੋਵੇ, ਪ੍ਰਕਾਸ਼ ਸਿੰਘ ਬਾਦਲ ਹੋਵੇ, ਦਰਬਾਰਾ ਸਿੰਘ ਹੋਵੇ, ਸੁਰਜੀਤ ਸਿੰਘ ਬਰਨਾਲਾ ਹੋਵੇ, ਬੇਅੰਤ ਸਿੰਘ ਤੇ ਹੁਣ ਹਰਚਰਨ ਸਿੰਘ ਬਰਾੜ ਹੋਵੇ। ਪੁਲਸ ਦੇ ਵੱਡੇ ਅਹੁਦਿਆਂ 'ਤੇ ਵੀ ਸਿੱਖ ਹੀ ਰਹੇ ਹਨ। ਕੇਂਦਰ ਵਿਚ ਵੀ ਬਲਦੇਵ ਸਿੰਘ, ਸਵਰਨ ਸਿੰਘ, ਹੁਕਮ ਸਿੰਘ ਸਪੀਕਰ ਵਰਗੇ ਮਹਾਂਰੱਥੀ ਰਹੇ ਹਨ। ਫੇਰ ਵੀ ਸ਼ਿਕਾਇਤ ਇਹੀ ਹੈ ਕਿ ਪੰਜਾਬ ਨਾਲ ਕੇਂਦਰ ਜ਼ਿਆਦਤੀ ਕਰ ਰਿਹਾ ਹੈ। ਇਸ ਗੱਲ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾਂਦਾ ਹੈ ਕਿ ਭਾਖੜਾ ਡੈਮ ਪੰਜਾਬ ਵਿਚ ਬਣਿਆ, ਥਰਮਲ ਪਲਾਂਟ ਪੰਜਾਬ ਵਿਚ ਬਣੇ, ਐਗਰੀਕਲਚਰ ਯੂਨੀਵਰਸਿਟੀ ਪੰਜਾਬ ਵਿਚ ਬਣੀ, ਹਰੇ ਇਨਕਲਾਬ ਦਾ ਫ਼ਾਇਦਾ ਪੰਜਾਬੀ ਵੱਡੀ ਕਿਸਾਨੀ ਨੂੰ ਹੋਇਆ, ਫੇਰ ਪੰਜਾਬ ਦੇ ਨਾਲ ਵਿਤਕਰੇ ਵਾਲਾ ਰੁੱਦਨ ਕਿਉਂ? ਜੇ ਵਿਤਕਰਾ ਹੋਇਆ ਹੈ ਤਾਂ ਪੰਜਾਬ ਦੇ ਸਰਦਾਰਾਂ ਜਾਂ ਸਰਮਾਏਦਾਰਾਂ ਨਾਲ ਨਹੀਂ ਹੋਇਆ, ਪੰਜਾਬ ਦੇ ਗਰੀਬੂ ਸਿੰਘ ਨਾਲ ਹੋਇਆ ਹੈ, ਜੋ ਸਭ ਕੁੱਝ ਹੋਣ 'ਤੇ ਵੀ ਗਰੀਬੂ ਸਿੰਘ ਦਾ ਗਰੀਬੂ ਸਿੰਘ ਹੀ ਰਿਹਾ ਹੈ ਤੇ ਇਹ ਸਿਰਫ਼ ਪੰਜਾਬ ਦੇ ਗਰੀਬੂ ਸਿੰਘ ਨਾਲ ਨਹੀਂ ਹੋਇਆ, ਭਾਰਤ ਦੇ ਗਰੀਬੂ ਰਾਮ ਨਾਲ ਵੀ ਹੋਇਆ ਹੈ। ਸਿੱਖ ਭਾਈਚਾਰੇ ਵੱਲੋਂ ਰੋਈ ਜਾਣ ਦੇ ਪਿੱਛੇ ਮਾਨਸਕਤਾ ਇਹੀ ਹੈ ਕਿ ਖਾਂਦੇ-ਪੀਂਦੇ ਸਰਦਾਰਾਂ ਨੂੰ ਇਸ ਸਿਸਟਮ ਵਿਚ ਲੁੱਟ ਦਾ ਹੋਰ ਹਿੱਸਾ ਮਿਲੇ।

ਆਪਣੀਆਂ ਗਲਤੀਆਂ ਨੂੰ ਸਵੀਕਾਰ ਨਾ ਕਰਨਾ ਅਤੇ ਕਸੂਰ ਦੂਜਿਆਂ 'ਤੇ ਸੁੱਟਣਾ ਦੀ ਮਿਸਾਲ ਹੁਣ ਗਿਆਨੀ ਜ਼ੈਲ ਸਿੰਘ ਦੀ ਆਤਮ ਕਥਾ ਹੈ। ਇਸ ਆਤਮ ਕਥਾ ਵਿਚਲਾ ਬਲਿਊ ਸਟਾਰ ਦਾ ਕਾਂਡ ਐਤਵਾਰ 10 ਨਵੰਬਰ ਦੀ ਪੰਜਾਬੀ ਟ੍ਰਿਬਿਊਨ ਵਿਚ ਆਇਆ ਹੈ। ਉਸ ਦੇ ਪੜ੍ਹਨ 'ਤੇ ਇੰਝ ਹੀ ਲੱਗਦਾ ਹੈ ਕਿ ਬਲਿਊ ਸਟਾਰ ਦਾ ਜੋ ਸਾਕਾ ਹੋਇਆ, ਉਹਦੇ ਬਾਰੇ ਗਿਆਨੀ ਜ਼ੈਲ ਸਿੰਘ ਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਗਿਆ। ਇੰਦਰਾ ਗਾਂਧੀ ਨੇ ਉਨ੍ਹਾਂ ਨੂੰ ਭਿਣਕ ਹੀ ਨਹੀਂ ਪੈਣ ਦਿੱਤੀ ਸੀ। ਸਵਾਲ ਪੈਦਾ ਹੁੰਦਾ ਹੈ ਕਿ ਜੇ ਦਿੱਲੀ ਬੈਠੇ (ਉਹ ਕੋਈ ਪ੍ਰਦੇਸ਼ਾਂ ਵਿਚ ਟੂਰ 'ਤੇ ਨਹੀਂ ਗਏ ਹੋਏ ਸਨ) ਉਨ੍ਹਾਂ ਨੂੰ ਭਿਣਕ ਹੀ ਨਹੀਂ ਪਈ ਤਾਂ ਉਹ ਕਾਹਦੇ ਪ੍ਰਧਾਨ ਸਨ? ਕਿਉਂ ਨਹੀਂ ਕਹਿਣ ਦੀ ਜੁਰਅੱਤ ਕਰਦੇ ਕਿ ਉਹ ਸਿਰਫ਼ ਇੰਦਰਾ ਗਾਂਧੀ ਦੇ ਝਾੜੂ ਬਰਦਾਰ ਸਨ।

ਇਹ ਸਾਰੀ ਲਿਖਤ ਬਿਲਕੁਲ ਉਸੇ ਮਾਨਸਿਕਤਾ ਦੀ ਦੇਣ ਹੈ ਕਿ ਹਰ ਇਕ ਗ਼ਲਤੀ ਦੀ ਜ਼ਿੰਮੇਵਾਰੀ ਦੂਜਿਆਂ 'ਤੇ ਸੁੱਟ ਦਿੱਤੀ ਜਾਵੇ। ਜਿਸ ਰੌਂਅ ਵਿਚ ਇਹ ਕਿਤਾਬ ਲਿਖੀ ਹੋਈ ਹੈ, ਸਿੱਖ ਭਾਈਚਾਰੇ ਦੀ ਇਹ ਝੂਠੀ ਤਸੱਲੀ ਕਰਵਾਏਗੀ। ਗਿਆਨੀ ਜ਼ੈਲ ਸਿੰਘ ਦੀਆਂ ਸਾਰੀਆਂ ਇਖਲਾਕੀ ਕਮਜ਼ੋਰੀਆਂ ਅੱਖੋਂ-ਪਰੋਖੇ ਕਰ ਦਿੱਤੀਆਂ ਜਾਣਗੀਆਂ। ਸਿੱਖ ਭਾਈਚਾਜਰੇ ਦੀ ਬਲਿਊ ਸਟਾਰ ਬਾਰੇ ਜ਼ਖਮੀ ਮਾਨਸਿਕਤਾ ਨੂੰ ਹੋਰ ਜ਼ਖਮੀ ਕੀਤਾ ਜਾਵੇਗਾ ਕਿ ਸਾਰਾ ਕਸੂਰ ਇੰਦਰਾ ਗਾਂਧੀ ਅਤੇ ਅਰੁਨ ਨਹਿਰੂ ਦਾ ਸੀ, ਉਨ੍ਹਾਂ ਦਾ ਆਪਣਾ ਸਿੱਖ ਨੁਮਾਇੰਦਾ ਤਾਂ ਨਹਾਤਾ-ਧੋਤਾ ਸੀ, ਭਾਵੇਂ ਉਹ ਭਾਰਤ ਦੀ ਸਭ ਤੋਂ ਉੱਚੀ ਪਦਵੀ 'ਤੇ ਬੈਠਾ ਸੀ।

ਸਿੱਖ ਭਾਈਚਾਰੇ ਨੂੰ ਇਸ ਲਿਖਤ ਦੀ ਨਹੀਂ, ਸਗੋਂ ਸਵੈ-ਆਲੋਚਨਾ ਦੀ ਲੋੜ ਹੈ ਕਿ ਕਿਉਂ ਭਿੰਡਰਾਂਵਾਲੇ ਨੂੰ ਹਰਮਿੰਦਰ ਸਾਹਿਬ ਦੀ ਕਿਲਾਬੰਦੀ ਕਰਨ ਦੀ ਇਜਾਜ਼ਤ ਦਿੱਤੀ ਗਈ? ਇਹ ਸੋਚਣ ਦੀ ਲੋੜ ਹੈ ਕਿ ਧਾਰਮਿਕ ਕੱਟੜਤਾ ਤੇ ਇਸ ਧਾਰਮਿਕ ਕੱਟੜਤਾ 'ਤੇ ਅਧਾਰਤ ਸਿਆਸਤ ਸਮੁੱਚੇ ਭਾਈਚਾਰੇ ਲਈ ਵੱਡੇ ਨੁਕਸਾਨ ਦੀ ਜ਼ਿੰਮੇਵਾਰ ਬਣੀ ਤੇ ਇਸ 'ਤੇ ਬੈਠੇ ਵੱਡੇ ਲੋਕ ਜੋ ਲਿਖਦੇ ਹਨ, ਉਹ ਜ਼ਰੂਰੀ ਨਹੀਂ ਸਭ ਕੁੱਝ ਸੱਚ ਹੋਵੇ। ਬਲਿਊ ਸਟਾਰ ਸਾਕੇ ਦੀ ਜ਼ਿੰਮੇਵਾਰੀ ਜੇ ਇੰਦਰਾ ਗਾਂਧੀ ਉੱਤੇ ਹੈ ਤੇ ਗਿਆਨੀ ਜ਼ੈਲ ਸਿੰਘ ਉਸ ਤੋਂ ਸੁਰਖ਼ਰੂ ਨਹੀਂ ਹੋ ਸਕਦਾ, ਨਾ ਹੀ ਸਿੱਖ ਭਾਈਚਾਰਾ ਤੇ ਉਹਦੀ ਲੀਡਰਸ਼ਿਪ ਜਿਸ ਨੇ ਭਿੰਡਰਾਂਵਾਲੇ ਨੂੰ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ 'ਤੇ ਕੋਈ ਵੀ ਕਾਰਵਾਈ ਕਰਨ 'ਤੇ ਠੱਲ੍ਹ ਨਾ ਪਾਈ, ਸਗੋਂ ਉਸ ਨੂੰ ਵਡਿਆਇਆ।

## ਅੱਗ ਕਿੱਥੇ ਲੱਗੀ ਹੋਈ ਹੈ?

ਖ਼ਬਰ ਹੈ, ਮੁੱਖ ਮੰਤਰੀ ਦਾ 20 ਕਾਰਾਂ ਦਾ ਕਾਫ਼ਲਾ ਤੇਜ਼ੀ ਨਾਲ ਜਰਨੈਲੀ ਸੜਕ 'ਤੇ ਜਾ ਰਿਹਾ ਸੀ। ਫਗਵਾੜਾ ਸ਼ੂਗਰ ਮਿੱਲ ਦੇ ਅੱਗੇ ਇਕ ਹੋਰ ਗੱਡੀ ਅੱਗੇ ਆ ਜਾਣ ਨਾਲ ਸਾਰਿਆਂ ਨਾਲੋਂ ਅਗਲੀ ਕਾਰ ਦੀ ਇਕਦਮ ਬਰੇਕ ਲੱਗਣ ਨਾਲ ਪਿਛਲੀਆਂ ਕਾਰਾਂ ਇਕ ਦੂਜੇ 'ਤੇ ਚੜ੍ਹ ਗਈਆਂ। ਮੁੱਖ ਮੰਤਰੀ ਤਾਂ ਬਚ ਗਏ, ਪਰ ਤਿੰਨ ਕਾਰਾਂ ਚੂਰ-ਚੂਰ ਹੋ ਗਈਆਂ। ਪੁੱਛਣਾ ਬਣਦਾ ਹੈ ਕਿ ਕਿੱਥੇ ਅੱਗ ਲੱਗੀ ਹੋਈ ਸੀ ਕਿ ਕਾਫ਼ਲਾ ਏਨੀ ਤੇਜ਼ੀ ਨਾਲ ਚੱਲ ਰਿਹਾ ਸੀ? ਜਵਾਬ ਹੈ ਅੱਗ ਤਾਂ ਨਹੀਂ ਲੱਗੀ ਹੋਈ ਪਰ ਇਹ ਅ[illegible]ਨ ਹੈ ਕਿ ਵਜ਼ੀਰਾਂ ਦੀਆਂ ਕਾਰਾਂ ਜਦੋਂ ਚੱਲਦੀਆਂ ਹਨ ਤਾਂ ਉਹ ਸਾਇਰਨ ਵਜਾਉਂਦੀਆਂ ਲੰਘਦੀਆਂ ਹਨ ਕਿ ਸੜਕ ਖ਼ਾਲੀ ਕਰ ਦਿਓ, ਹਮ ਨਵਾਬ ਸਾਹਬ ਆ ਰਹੇ ਹੈਂ। ਉਂਝ ਜਿੱਥੇ ਹਾਦਸਾ ਹੋਇਆ ਹੈ, ਉਸ ਮਿੱਲ ਵਿਚ ਕੰਮ ਕਰਨ ਵਾਲੇ ਵੀ ਮੰਗਾਂ ਦੀ ਪੂਰਤੀ ਲਈ ਧਰਨੇ 'ਤੇ ਬੈਠੇ ਹੋਏ ਹਨ ਤਾਂ ਕਿਸਾਨ ਵੀ, ਜਿਨ੍ਹਾਂ ਨੂੰ ਉਨ੍ਹਾਂ ਦੇ ਗੰਨੇ ਦਾ ਮੁੱਲ ਫੈਕਟਰੀ ਵੱਲੋਂ ਨਹੀਂ ਦਿੱਤਾ ਗਿਆ। ਇਸ ਲੱਗੀ ਹੋਈ ਅੱਗ ਦੀ ਮੁੱਖ ਮੰਤਰੀ ਨੂੰ ਪਰਵਾਹ ਨਹੀਂ।